# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਤਹਿਬਜ਼ਾਰੀ ਟੀਮ ਨੇ 6 ਦੁਕਾਨਦਾਰਾਂ ਦੇ ਚਲਾਨ ਕੱਟੇ ਅਤੇ ਸਮਾਨ ਕਬਜ਼ੇ ਵਿੱਚ ਲਿਆ............ਕਾਰਜ ਸਾਧਕ ਅਫਸਰ

# ਨਜਾਇਜ ਕਬਜੇ ਹਟਾਉਣ ਸਬੰਧੀ ਮੂਹਿਮ ਰਹੇਗੀ ਜਾਰੀ

ਹੁਸ਼ਿਆਰਪੁਰ 16 ਜੂਨ- ਨਗਰ ਨਿਗਮ ਵਲੋਂ ਨਜਾਇਜ ਕਬਜੇ ਹਟਾਉਣ ਸਬੰਧੀ ਚਲਾਈ ਗਈ ਮੂਹਿਮ ਤਹਿਤ ਤਹਿਬਜਾਰੀ ਟੀਮ ਨੇ ਅੱਜ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਬੱਸ ਸਟੈਂਡ, ਫਗਵਾੜਾ ਰੋਡ, ਕੌਤਾਵਲੀ ਬਜਾਰ, ਗੋਰਾਂ ਗੇਟ, ਘੱਟਾ ਘਰ, ਕਸਮੀਰੀ ਬਜਾਰ, ਬੱਸੀ ਖਵਾਜ੍ਹਾ ਦਾ ਦੌਰਾ ਕੀਤਾ ਅਤੇ ਦੁਕਾਨਦਾਰਾਂ ਵਲੋ ਨਗਰ ਨਿਗਮ ਦੀ ਜਗ੍ਹਾ ਦੇ ਰੱਖੇ ਗਏ ਸਮਾਨ ਨੂੰ ਕਬਜ਼ੇ ਵਿੱਚ ਲਿਆ ਅਤੇ 6 ਦੁਕਾਨਦਾਰਾਂ ਦੇ ਮੌਕੇ ਤੇ ਹੀ ਚਲਾਨ ਕੱਟੇ ਇਹ ਜਾਣਕਾਰੀ ਕਾਰਜ ਸਾਧਕ ਅਫਸਰ ਰਮੇਸ਼ ਕਮਾਰ ਨੇ ਦਿੰਦਿਆ ਕਿਹਾ ਕਿ ਦੁਕਾਨਦਾਰ ਆਪਣਾ ਸਮਾਨ ਦੁਕਾਨਾਂ ਦੇ ਅੰਦਰ ਹੀ ਰੱਖਣ। ਜਿਹਨਾਂ ਦੁਕਾਨਦਾਰਾਂ ਦਾ ਸਮਾਨ ਨਗਰ ਨਿਗਮ ਦੀ ਜਗ੍ਹਾ ਤੇ ਰੱਖਿਆ ਹੋਵੇਗਾ ਉਹਨਾਂ ਦੇ ਚਲਾਨ ਕੱਟ ਕੇ ਜੁਰਮਾਨੇ ਕੀਤੇ ਜਾਣਗੇ ਸੁਪਰੰਡਟ ਸੁਆਮੀ ਸਿੰਘ ਦੀ ਅਗਵਾਈ ਹੇਠ ਗਈ ਤਹਿਬਜ਼ਾਰੀ ਟੀਮ ਵਿੱਚ ਇੰਸਪੈਕਟਰ ਸੰਜੀਵ ਅਰੋੜਾ, ਸੁਰਜੀਤ ਬਹਿਲ, ਸੰਨੀ, ਗੋਰਵ ਸ਼ਰਮਾ, ਕੁੰਲਵਿਦਰ ਸਿੰਘ ਅਤੇ ਅਮਨਦੀਪ ਸੈਣੀ ਵੀ ਸ਼ਾਮਿਲ ਸਨ।